**Series HMJ/C** **SET-4**

**Code No. 4/C**

Roll No. | | | | | | | | |

Candidates must write the Code on the title page of the answer-book.

| ਨੋਟ | | NOTE | |
|---|---|---|---|
| (I) | ਕਿਰਪਾ ਕਰਕੇ ਨਿਰੀਖਣ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਦੇ ਛਪੇ ਹੋਏ **7** ਪੰਨੇ ਹਨ । | (I) | Please check that this question paper contains **7** printed pages. |
| (II) | ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਤੇ ਜ਼ਰੂਰ ਲਿੱਖਣ । | (II) | Code number given on the right hand side of the question paper should be written on the title page of the answer-book by the candidate. |
| (III) | ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **9** ਪ੍ਰਸ਼ਨ ਹਨ । | (III) | Please check that this question paper contains **9** questions. |
| (IV) | ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ । | (IV) | Please write down the Serial Number of the question in the answer-book before attempting it. |
| (V) | ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ । | (V) | 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period. |

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 80*

*Time allowed : 3 hours* *Maximum Marks : 80*



collegedunia India's largest Student Review Platform

**ਨੋਟ:** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

**1.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : *1×5=5*

ਅਕਬਰ ਨੇ 1575 ਵਿਚ ਫ਼ਤੇਹਪੁਰ ਸੀਕਰੀ ਇਕ ਇਬਾਦਤਖ਼ਾਨਾ ਬਣਵਾਇਆ ਜਿਥੇ ਹਰ ਧਰਮ ਦੇ ਮੰਨਣਵਾਲੇ ਨੂੰ ਆ ਕੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਸੀ । ਹੁਣ ਤਕ ਅਕਬਰ ਹਿੰਦੂਆਂ ਤੋਂ ਯਾਤਰਾ ਟੈਕਸ, ਪਵਿੱਤਰ ਥਾਵਾਂ ਤੇ ਇਸਨਾਨ ਕਰਨ ਤੇ ਟੈਕਸ ਅਤੇ ਸਭ ਤੋਂ ਵਧੇਰੇ ਘਿਰਨਾ ਭਰਿਆ ਟੈਕਸ, ਜਿਜ਼ੀਆ ਹਟਾ ਚੁਕਾ ਸੀ । ਉਹ ਮੁਸਲਮਾਨ ਕਾਜ਼ੀਆਂ ਤੇ ਉਲੇਮਾਵਾਂ ਨਾਲ ਬਹਿਸ ਕਰਦਾ ਆਮ ਤੌਰ ਤੇ ਝਗੜ ਪੈਂਦਾ ਤੇ ਆਖਦਾ ਰੱਬ ਦੀ ਸਾਰੀ ਲੁਕਾਈ ਨੂੰ ਧਾਰਮਕ ਤੰਗ ਦਿਲੀ ਦੀ ਨਜ਼ਰ ਨਾਲ ਨਾ ਵੇਖੋ । ਸਾਡਾ ਸਾਰਿਆਂ ਦਾ ਧਰਮ ਇਕ ਹੈ ਜਿਹੜਾ ਸੱਚ ਤੇ ਪਿਆਰ ਦੇ ਆਸਰੇ ਖਲੋਤਾ ਹੈ । ਅਕਬਰ ਨੇ ਇਕ ਧਰਮ ਦੀ ਨੀਂਹ ਰੱਖੀ ਜਿਸ ਨੂੰ ਉਸ 'ਦੀਨੇ ਇਲਾਹੀ' ਆਖਿਆ । ਉਸ ਨੇ ਕਿਸੇ ਤੇ ਪਾਬੰਦੀ ਨਹੀਂ ਲਾਈ ਕਿ ਕੋਈ ਜ਼ਰੂਰ ਹੀ ਇਸ ਧਰਮ ਨੂੰ ਕਬੂਲ ਕਰੇ ।

(ੳ) ਅਕਬਰ ਨੇ ਕਿਸ ਧਰਮ ਦੀ ਨੀਂਹ ਰਖੀ ?

(ਅ) ਅਕਬਰ ਨੇ ਹਿੰਦੂਆਂ ਉੱਤੋਂ ਕਿਹੜੇ ਕਿਹੜੇ ਟੈਕਸ ਹਟਾਏ ?

(ੲ) ਅਕਬਰ ਨੇ ਫਤੇਹਪੁਰ ਸੀਕਰੀ ਵਿਖੇ ਇਬਾਦਤਖ਼ਾਨਾ ਕਦੋਂ ਬਣਵਾਇਆ ?

(ਸ) ਹਿੰਦੂਆਂ ਉੱਤੇ ਲਗਾ ਕਿਹੜਾ ਟੈਕਸ ਸਭ ਤੋਂ ਵੱਧ ਘਿਰਨਾ ਭਰਿਆ ਸੀ ?

(ਹ) ਅਕਬਰ ਅਨੁਸਾਰ ਸਭ ਦਾ ਧਰਮ ਕਿਸ ਆਸਰੇ ਖਲੋਤਾ ਹੈ ?

**2.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਉੱਤੇ 200 – 250 ਸ਼ਬਦਾਂ ਦਾ ਲੇਖ ਲਿਖੋ : *10*

(ੳ) ਇੰਟਰਨੈਟ ਦਾ ਮਹੱਤਵ

(ਅ) ਭ੍ਰਿਸ਼ਟਾਚਾਰ ਦੀ ਸਮੱਸਿਆ

(ੲ) ਵਿਸਾਖੀ ਦਾ ਤਿਉਹਾਰ

(ਸ) ਨਾਰੀ ਸ਼ਕਤੀ ਦਾ ਮਹੱਤਵ

**3.** ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿੱਖ ਕੇ ਹੜ੍ਹਾਂ ਨਾਲ ਬੇਘਰ ਹੋਏ ਲੋਕਾਂ ਦੀ ਮਦਦ ਕਰਨ ਲਈ ਅਪੀਲ ਛਾਪਣ ਲਈ ਕਹੋ । *5*

**ਜਾਂ**

ਆਪਣੀ ਕਾਰ ਦੇ ਚੋਰੀ ਹੋ ਜਾਣ ਦੀ ਸੂਚਨਾ ਆਪਣੇ ਇਲਾਕੇ ਦੇ ਐਸ.ਐਚ.ਓ. ਨੂੰ ਪੱਤਰ ਲਿਖਕੇ ਦਿਓ ।



collegedunia
India's largest Student Review Platform

**4.** I. (ੳ) ਹੇਠ ਲਿਖੇ ਵਾਕਾਂ ਵਿਚ ਸਹੀ ਸ਼ਬਦ ਜੋੜ ਵਾਲਾ ਵਿਕਲਪ ਚੁਣ ਕੇ ਲਿਖੋ : *1×2=2*

(i) ਸ਼ਿਕਾਰੀ ਪੰਛੀ ਬਾਜ/ਬਾਝ ਬੜਾ ਫ਼ੁਰਤੀਲਾ ਹੁੰਦਾ ਹੈ

(ii) ਕੰਮ ਤੋਂ ਵਿਹਲਾ/ਵੇਹਲਾ ਹੋਕੇ ਉਹ ਪੜ੍ਹਾਈ ਵਿਚ ਲਗ ਗਿਆ

(ਅ) ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਨੂੰ ਸਹੀ ਕਰਕੇ ਲਿਖੋ : (ਛੋਟੇ ਉੱਤਰ ਵਾਲੇ ਪ੍ਰਸ਼ਨ) *1×3=3*

(i) ਉਹ <u>ਮੋਤ</u> ਤੋਂ ਨਹੀਂ ਡਰਦਾ

(ii) ਪਤੀਲੇ ਦਾ ਡੱਕਣ <u>ਛੋਟਾ</u> ਹੈ

(iii) ਉਹ ਮੇਰਾ <u>ਬਡਾ</u> ਭਰਾ ਹੈ

II. (ੳ) ਹੇਠ ਲਿਖੇ ਵਾਕਾਂ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ : *1×3=3*

(i) ਪੁੱਤ ਮਿਹਨਤ ਨਾਲ ਪੜ੍ਹਿਆ ਕਰ ਪਿਤਾ ਨੇ ਕਿਹਾ

(ii) ਬੱਲੇ ਬੱਲੇ ਅਸੀਂ ਮੈਚ ਜਿੱਤ ਗਏ

(iii) ਰਮੇਸ਼ ਕਦੋਂ ਤੋਂ ਬੀਮਾਰ ਹੈ ਅਧਿਆਪਕ ਨੇ ਪੁਛਿਆ

(ਅ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿੱਤੇ ਹੋਏ ਵਿਕਲਪਾਂ ਵਿਚੋਂ ਸਹੀ ਵਿਕਲਪ ਚੁਣ ਕੇ ਦਿਓ : *1×2=2*

(i) ਪੁੱਠੇ ਕਾਮਿਆਂ ਦਾ ਨਿਸ਼ਾਨ ਹੈ

(1) ,

(2) !

(3) “ ”

(4) ?

(ii) ਵਿਸਮਕ ਚਿੰਨ੍ਹ ਹੈ

(1) ?

(2) !

(3) |

(4) ;



collegedunia India's largest Student Review Platform

III. (ੳ) ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : *1×3=3*

(i) ਬੱਚੇ ਨੂੰ ਚੁਕਿਆ ਮਾਂ ਨੇ ।

(ii) ਮੰਗਤੇ ਬੂਹੇ ਮੰਦਰ ਦੇ ਤੇ ਬੈਠਦੇ ਹਨ ।

(iii) ਇਹ ਮਿੱਠਾ ਨਹੀਂ ਅੰਬ ।

(ਅ) ਹੇਠ ਲਿਖੇ ਵਾਕਾਂ ਵਿਚੋਂ ਸ਼ੁੱਧ ਵਾਕ ਚੁਣੋ : *1×2=2*

A. (i) ਗਰੀਬ ਨੂੰ ਸਤਾਉਣਾ ਪਾਪ ਹੈ

(ii) ਮੈਂ ਨੇ ਇਨਾਮ ਜਿੱਤਿਆ

(iii) ਗਾਂ ਨੂੰ ਪਾਓ ਰੋਟੀ

(iv) ਰਾਜਾ ਸੀ ਅਕਬਰ ਚੰਗਾ

B. (i) ਉਸ ਧੋਤੇ ਕਪੜੇ ਆਪਣੇ

(ii) ਸੂਰਜ ਨਿਕਲਿਆ ਤੇ ਧੁੰਦ ਮਿਟ ਗਈ

(iii) ਬਿੱਟੂ ਖੁਸ਼ ਹੈ ਪਾਸ ਹੋਣ ਕਾਰਨ

(iv) ਗੀਤਾ ਗਾਂ ਨੂੰ ਕੁੱਟ ਕੇ ਛੋਲੇ ਪਾਉਂਦੀ ਹੈ

IV. (ੳ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਪੱਸ਼ਟ ਕਰਦੇ ਹੋਏ ਵਾਕ ਬਣਾਓ : *1×3=3*

(i) ਟੱਸ ਤੋਂ ਮਸ ਨਾ ਹੋਣਾ

(ii) ਦਾਲ ਵਿੱਚ ਕਾਲਾ ਹੋਣਾ

(iii) ਬਿੱਟ-ਬਿੱਟ ਤਕਣਾ

(ਅ) ਮੁਹਾਵਰਿਆਂ ਦੇ ਸਹੀ ਅਰਥ ਵਾਲਾ ਵਿਕਲਪ ਚੁਣੋ : *1×2=2*

(i) ਪਿੱਛੇ ਪੈਣਾ

(1) ਭੈੜੀ ਮੱਤ ਦੇਣਾ

(2) ਖਹਿੜੇ ਪੈਣਾ

(3) ਤੇਜ ਦੌੜਨਾ

(4) ਸ਼ਕ ਹੋਣਾ



collegedunia.com
India's largest Student Review Platform

(ii) ਪਿੱਠ ਠੋਕਣੀ

(1) ਚੋਰੀ ਖਿਸਕ ਜਾਣਾ

(2) ਸ਼ਾਬਾਸ਼ ਦੇਣੀ

(3) ਸੁਆਗਤ ਕਰਨਾ

(4) ਖ਼ੂਬ ਕੁੱਟਣਾ

**5.** ਹੇਠ ਲਿਖੀਆਂ ਕਾਵਿ-ਟੁਕੜੀਆਂ ਵਿੱਚੋਂ ਕਿੱਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : *3+5=8*

(ੳ) ਦੂਰ ਦੂਰ ਥਾਓਂ ਵਣਜਾਰੇ ਆਏ ਨੇਂ
ਸੁਹਣੇ ਸੁਹਣੇ ਕੁੰਜਾਂ ਤੇ ਫ਼ੀਤੇ ਲਿਆਏ ਨੇਂ ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਹਿਣਿਆਂ ਦੀ ਲੱਗੀ ਹੋਈ ਏ ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,
ਸੈਂਕੜੇ ਸੁਗਾਤਾਂ ਨਾਲੇ ਹੋਰ ਆਈਆਂ,
ਹੱਟੀ ਹੱਟੀ ਸ਼ੌਂਕੀਆਂ ਦੀ ਭੀੜ ਖੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।

(ਅ) ਜ਼ਹਿਰੀ ਦੁੱਧ ਖ਼ੂਨੀ ਗਾਂ
ਕਿੱਥੇ ਲੱਭੀਏ ਕਬਰ ਲਈ ਥਾਂ
ਕੇਹਾ ਮੁਲਕ ਕੇਹਾ ਗਰਾਂ
ਮਰ ਗਿਆ ਹੁਣ ਸੱਚਾ ਨਿਆਂ
ਆਪਣੇ ਖ਼ੂਨ ਦੀ ਵਗੇ ਝਨਾਂ
ਰਿਸ਼ਤਿਆਂ ਦਾ ਕੀ ਰੱਖੀਏ ਨਾਂ

**6.** ਨਾਵਲ 'ਗੁਆਚਿਆ ਮੁੰਡਾ' ਦੇ ਕਥਾਨਕ ਬਾਰੇ 125 – 150 ਸ਼ਬਦਾਂ ਵਿਚ ਲਿਖੋ । *8*

**ਜਾਂ**

'ਗੁਆਚਿਆ ਮੁੰਡਾ' ਨਾਵਲ ਦੇ ਮੁੱਖ ਪਾਤਰ 'ਘੋਗੇ' ਦਾ ਚਰਿੱਤਰ ਚਿਤਰਨ ਆਪਣੇ ਸ਼ਬਦਾਂ ਵਿਚ ਲਿਖੋ ।



collegedunia.com
India's largest Student Review Platform

**7.** 'ਮਾਂ ਦਾ ਲਾਡਲਾ' ਕਹਾਣੀ ਦਾ ਆਲੋਚਨਾਤਮਕ ਸਾਰ 125 – 150 ਸ਼ਬਦਾਂ ਵਿਚ ਲਿਖੋ । *8*

**ਜਾਂ**

'ਤਿੰਨ ਦਿਨ ਦਾ ਬੇਈਮਾਨ' ਕਹਾਣੀ ਵਿਚਲੇ ਮੁੱਖ ਪਾਤਰ 'ਸਤਿੰਦਰ ਨਾਥ' ਦਾ ਚਰਿੱਤਰ ਚਿਤਰਨ ਆਪਣੇ ਸ਼ਬਦਾਂ ਵਿਚ ਲਿਖੋ ।

**8.** (ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸਹੀ ਵਿਕਲਪ ਚੁਣ ਕੇ ਲਿਖੋ : *1×4=4*

(i) 'ਆਪਣਾ ਆਪਣਾ ਹਿੱਸਾ' ਕਹਾਣੀ ਵਿਚ ਬਚਨੋਂ, ਘੁੱਦੂ ਦੀ ਕੀ ਲਗਦੀ ਹੈ ?

(1) ਮਾਂ

(2) ਭੈਣ

(3) ਭਰਜਾਈ

(4) ਭੂਆ

(ii) 'ਵਹਿੰਗੀ' ਕਹਾਣੀ ਕਿਸ ਦੀ ਲਿੱਖੀ ਹੋਈ ਹੈ ?

(1) ਚੰਦਨ ਨੇਗੀ

(2) ਅਜੀਤ ਕੌਰ

(3) ਬਚਿੰਤ ਕੌਰ

(4) ਵਰਿਆਮ ਸੰਧੂ

(iii) ਕਾਲਾ ਸਾਧ ਘੋਗੇ ਨੂੰ ਕੀ ਪੀਣ ਲਈ ਦਿੰਦਾ ਹੈ ?

(1) ਗੋਲੀ

(2) ਤਵੀਤ

(3) ਪੁੜੀ

(4) ਧਾਗਾ



collegedunia India's largest Student Review Platform

(iv) 'ਪ੍ਰਕਿਰਤੀ-ਵਿਗਿਆਨਿਕ ਖੋਜ-ਕੇਂਦਰ' ਵਿਚ ਘੋਗੇ ਨੇ ਕੀ ਪੀਤਾ

(1) ਚਾਹ

(2) ਸ਼ਰਬਤ

(3) ਦੁੱਧ

(4) ਪਾਣੀ

(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿਚ ਲਿਖੋ : *1×4=4*

(i) 'ਗੁਆਚਿਆ ਮੁੰਡਾ' ਨਾਵਲ ਵਿਚਲਾ ਪਾਤਰ ਘੋਗਾ ਕਿਸ ਕਲਪਿਤ ਜੀਵ ਕੋਲੋਂ ਮਦਦ ਦੀ ਆਸ ਕਰਦਾ ਹੈ ?

(ii) 'ਗੁਆਚਿਆ ਮੁੰਡਾ' ਨਾਵਲ ਕਿਸ ਉਮਰ ਦੇ ਬੱਚਿਆਂ ਲਈ ਲਿਖਿਆ ਗਿਆ ਹੈ ?

(iii) 'ਸੂਲੀ ਉਤੇ ਲਟਕੇ ਪਲ' ਕਹਾਣੀ ਵਿਚ ਕਰੁਣਾ ਅਤੇ ਲੀਨੂੰ ਦਾ ਆਪਸ ਵਿਚ ਕੀ ਰਿਸ਼ਤਾ ਹੈ ?

(iv) 'ਤੀ ਜੀ ਗੱਲ' ਕਹਾਣੀ ਵਿਚ ਤੀਜਾ ਨੇਤਰ ਕਿਸ ਨੂੰ ਕਿਹਾ ਗਿਆ ਹੈ ?

**9.** ਗੁਰਮਤਿ-ਕਾਵਿ ਦੀ ਵਿਚਾਰਧਾਰਾ ਬਾਰੇ 150 – 200 ਸ਼ਬਦਾਂ ਵਿਚ ਲਿਖੋ । *8*

**ਜਾਂ**

ਪੰਜਾਬੀ ਸੂਫ਼ੀ-ਕਾਵਿ ਦੀਆਂ ਵਿਸ਼ੇਸ਼ਤਾਈਆਂ ਬਾਰੇ 150 – 200 ਸ਼ਬਦਾਂ ਵਿਚ ਲਿਖੋ ।



collegedunia
India's largest Student Review Platform